# ਤੱਥ ਪੱਤਰ

## ਚਾਈਲਡ ਸਪੋਰਟ

## (ਤਲਾਕ/ਵੱਖ ਹੋਣ ਬਾਅਦਪਤੀ/ਪਤਨੀ ਵਿੱਚੋਂ ਇੱਕ ਦੁਆਰਾ ਦੂਜੇ ਨੂੰ ਬੱਚਿਆਂ ਲਈ ਦਿੱਤੀ ਜਾਂਦੀ ਵਿੱਤੀ ਸਹਾਇਤਾ)

ਇਹ ਤੱਥ ਪੱਤਰ ਤਲਾਕ ਅਧਿਨਿਯਮਦੇ ਤਹਿਤ ਬਾਲ ਸਹਾਇਤਾ ਬਾਰੇ ਆਮ ਜਾਣਕਾਰੀ ਪ੍ਰਦਾਨ ਕਰਦਾਹੈ।
ਤੁਸੀਂਨਿਆਂ ਵਿਭਾਗ ਦੀ*ਸੰਘੀਚਾਈਲਡਸਪੋਰਟ ਦਿਸ਼ਾ-ਨਿਰਦੇਸ਼: ਕਦਮ-ਦਰ-ਕਦਮ* *(The Federal Child Support Guidelines: Step-by-Step)* ਨਾਮਕ ਪੁਸਤਿਕਾ ਵੀ ਦੇਖ ਸਕਦੇ ਹੋ। ਇਸ ਪੁਸਤਿਕਾ ਵਿੱਚ ਚਾਈਲਡ ਸਪੋਰਟ ਨੂੰ ਨਿਰਧਾਰਿਤ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ 8 ਆਸਾਨ ਕਦਮ ਦਿੱਤੇ ਗਏ ਹਨ।

**ਚਾਈਲਡ ਸਪੋਰਟ ਕੀ ਹੈ?**

"ਚਾਈਲਡ ਸਪੋਰਟ" ਉਹ ਪੈਸਾ ਹੈ ਜੋ ਪਤੀ-ਪਤਨੀ ਵਿੱਚੋਂ ਕੋਈ ਇੱਕ, ਵੱਖ ਹੋਣ ਜਾਂ ਤਲਾਕ ਤੋਂ ਬਾਅਦ ਵਿੱਤੀ ਤੌਰ ਤੇ ਆਪਣੇ ਬੱਚਿਆਂ ਦੀ ਦੇਖਰੇਖ ਲਈ ਦੂਜੇ ਨੂੰ ਦਿੰਦਾ ਹੈ।

**ਕੀ ਵੱਖ ਹੋਣ ਜਾਂ ਤਲਾਕ ਤੋਂ ਬਾਅਦ ਮਾਂ ਅਤੇ ਪਿਓ ਦੋਹਾਂ ਲਈ ਵਿੱਤੀ ਤੌਰ ਤੇ ਆਪਣੇ ਬੱਚਿਆਂ ਦੀ ਦੇਖਰੇਖ ਕਰਨੀ ਜ਼ਰੂਰੀ ਹੁੰਦੀ ਹੈ?**

ਹਾਂ। ਤੁਹਾਡੇ ਬੱਚਿਆਂ ਦਾ ਕਨੂੰਨੀ ਅਧਿਕਾਰ ਹੈ ਕਿ ਉਹ ਮਾਂ ਅਤੇ ਪਿਓ ਦੋਹਾਂ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ, ਅਤੇ ਤੁਹਾਡੀ ਦੋਹਾਂ ਦੀ ਵੀ ਇਹ ਸਹਾਇਤਾ ਪ੍ਰਦਾਨ ਕਰਨ ਦੀ ਕਨੂੰਨੀ ਜਿੰਮੇਵਾਰੀ ਹੁੰਦੀ ਹੈ। ਵੱਖ ਹੋ ਜਾਣ ਜਾਂ ਤਲਾਕ ਦੇ ਨਾਲ ਮੌਜੂਦਾ ਜਿੰਮੇਵਾਰੀਆਂ ਬਦਲਦੀਆਂ ਨਹੀਂ ਹਨ।

**ਕੀ ਹੁੰਦਾ ਹੈ ਜੇ ਮਾਂ-ਪਿਓ ਦੋਹਾਂ ਵਿੱਚੋਂ ਕਿਸੇ ਇੱਕ ਨੂੰ ਦੂਜੇ ਤੋਂ ਚਾਈਲਡ ਸਪੋਰਟ ਦੀ ਲੋੜ ਨਹੀਂ ਹੈ?**

ਚਾਈਲਡ ਸਪੋਰਟ ਬੱਚੇ ਦਾ ਅਧਿਕਾਰ ਹੈ ਅਤੇ ਉਹ ਇਸਦੇ ਕਨੂੰਨੀ ਹੱਕਦਾਰ ਹਨ। ਜੱਜ ਤਲਾਕ ਦੇਣ ਤੋਂ ਇਨਕਾਰ ਕਰ ਸਕਦੇ ਹਨ ਜੇ ਉਹ ਸੰਤੁਸ਼ਟ ਨਹੀਂ ਹੁੰਦੇ ਹਨ ਕਿ ਤੁਹਾਡੇ ਬੱਚਿਆਂ ਦੀ ਵਿੱਤੀ ਸਹਾਇਤਾ ਨੂੰ ਜਾਰੀ ਰੱਖਣ ਲਈ ਵਾਜਬ ਪ੍ਰਬੰਧਕੀਤੇ ਗਏ ਹਨ।

**ਮੈਂ ਚਾਈਲਡ ਸਪੋਰਟ ਦੀ ਰਕਮ ਦਾ ਹਿਸਾਬ ਕਿਵੇਂ ਲਗਾਵਾਂ?**

ਚਾਈਲਡ ਸਪੋਰਟ ਦੀ ਰਕਮ ਦਾ ਹਿਸਾਬ ਚਾਈਲਡ ਸਪੋਰਟ ਦਿਸ਼ਾ-ਨਿਰਦੇਸ਼ਾਂ ਦਾ ਇਸਤੇਮਾਲ ਕਰਕੇ ਲਗਾਇਆ ਜਾਂਦਾ ਹੈ। ਚਾਈਲਡ ਸਪੋਰਟ ਦਿਸ਼ਾ-ਨਿਰਦੇਸ਼ਾਂ ਵਿੱਚ ਨਿਯਮ ਅਤੇ ਰਕਮਾਂ ਦੀਆਂ ਸਾਰਨੀਆਂ ਦਿੱਤੀਆਂ ਗਈਆਂ ਹਨ। ਉਹ ਕਨੂੰਨ ਹਨ।

ਇਸ ਵਿੱਚ *Federal Child Support Guidelines* (*ਤਲਾਕ ਅਧਿਨਿਯਮ* ਦੇ ਤਹਿਤ ਨਿਯਮ) ਅਤੇ ਸੂਬਾਈ/ਖੇਤਰੀ ਦਿਸ਼ਾ-ਨਿਰਦੇਸ਼ (ਸੂਬਾਈ ਜਾਂ ਖੇਤਰੀ ਕਨੂੰਨਾਂ ਦੇ ਤਹਿਤ ਨਿਯਮ) ਹਨ। ਕਿਸ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਇਹ ਪਤਾ ਲਗਾਉਣਾ ਸਥਿਤੀ ਤੇ ਨਿਰਭਰ ਕਰੇਗਾ:

- *Federal Child Support Guidelines* (ਸੰਘੀ ਦਿਸ਼ਾ-ਨਿਰਦੇਸ਼) ਸਾਰੇ ਤਲਾਕ-ਸਬੰਧੀ ਮਾਮਲਿਆਂ ਵਿੱਚ ਲਾਗੂ ਹੁੰਦੇ ਹਨ, ਜਦੋਂ ਤਕਮਾਂ ਅਤੇ ਪਿਓ ਦੋਵੇਂ ਇੱਕੋ ਨਾਮਿਤ ਸੂਬੇ ਵਿੱਚ ਨਹੀਂ ਰਹਿੰਦੇ ਹਨ। ਨਿਊ ਬਰੰਜ਼ਵਿੱਕ, ਮੈਨੀਟੋਬਾ ਅਤੇ ਕਿਊਬੈਕ ਉਹ ਨਾਮਿਤ ਸੂਬੇ ਹਨ ਜੋ ਆਪਣੇ ਖ਼ੁਦ ਦੇ ਦਿਸ਼ਾ-ਨਿਰਦੇਸ਼ ਲਾਗੂ ਕਰਦੇ ਹਨ ਜੇਕਰ ਦੋਵੇਂ ਤਲਾਕ ਲੈ ਰਹੇਮਾਂ ਅਤੇ ਪਿਓ ਉੱਥੇ ਰਹਿੰਦੇ ਹਨ।
- ਸੂਬਾਈ ਜਾਂ ਖੇਤਰੀ ਦਿਸ਼ਾ-ਨਿਰਦੇਸ਼ ਲਾਗੂ ਹੁੰਦੇ ਹਨ ਜਦੋਂ ਮਾਂ ਅਤੇ ਪਿਓ ਦਾ ਕਦੇ ਵੀ ਵਿਆਹ ਨਹੀਂ ਹੋਇਆ ਹੁੰਦਾ ਅਤੇ ਜਦੋਂ ਵਿਆਹੇ ਮਾਂ-ਪਿਓ ਵੱਖ ਹੋ ਜਾਂਦੇ ਹਨ ਪਰ ਤਲਾਕਸ਼ੁਦਾ ਨਹੀਂ ਹੁੰਦੇ।

**ਸੰਘੀ ਦਿਸ਼ਾ-ਨਿਰਦੇਸ਼ਾਂ ਅਤੇ ਸੂਬਾਈ/ਖੇਤਰੀ ਦਿਸ਼ਾ-ਨਿਰਦੇਸ਼ਾਂ ਦੇ ਵਿੱਚ ਕੀ ਅੰਤਰ ਹੈ?**

ਸਾਰੇ ਸੂਬਿਆਂ ਅਤੇ ਖੇਤਰਾਂਦੇ ਆਪਣੇ ਚਾਈਲਡ ਸਪੋਰਟ ਦਿਸ਼ਾ-ਨਿਰਦੇਸ਼ ਹਨ ਜੋ ਸੰਘੀ ਦਿਸ਼ਾ-ਨਿਰਦੇਸ਼ਾਂ ਨਾਲ ਕਾਫੀ ਮਿਲਦੇ-ਜੁਲਦੇ ਹਨ, ਕਿਊਬੈਕ ਨੂੰ ਛੱਡ ਕੇ ਜਿਸਦਾ ਆਪਣਾ ਖੁਦ ਦਾ ਚਾਈਲਡ ਸਪੋਰਟ ਮਾਡਲ ਹੈ। ਕੁਝ ਅਧਿਕਾਰ-ਖੇਤਰਾਂ ਵਿੱਚ ਨਿਯਮ ਥੋੜ੍ਹੇ ਜਿਹੇ ਵੱਖ ਹੋ ਸਕਦੇ ਹਨ ਪਰ, ਕਿਊਬੈਕ ਨੂੰ ਛੱਡਕੇ, ਇਹ ਸਾਰੇ ਸੰਘੀ ਸਾਰਨੀਆਂ ਦਾ ਇਸਤੇਮਾਲ ਕਰਦੇ ਹਨ, ਇਸਲਈ ਬੁਨਿਆਦੀ ਰਕਮਾਂ ਸਮਾਨ ਹੁੰਦੀਆਂ ਹਨ।

**ਜੇ ਉਹ (ਪਤੀ ਜਾਂ ਪਤਨੀ) ਅਤੇ ਮੈਂ ਚਾਈਲਡ ਸਪੋਰਟ ਦੀਆਂ ਖ਼ੁਦ ਦੀਆਂ ਵਿਵਸਥਾਵਾਂ ਕਰਨ ਦਾ ਫੈਸਲਾ ਕਰਦੇ ਹਾਂ, ਤਾਂ ਕੀ ਸਾਨੂੰ ਚਾਈਲਡ ਸਪੋਰਟ ਦੇ ਲਾਗੂ ਦਿਸ਼ਾ-ਨਿਰਦੇਸ਼ਾਂ ਦਾ ਇਸਤੇਮਾਲ ਕਰਨਾ ਪਏਗਾ?**

ਚਾਈਲਡ ਸਪੋਰਟ ਦਿਸ਼ਾ-ਨਿਰਦੇਸ਼, ਚਾਈਲਡ ਸਪੋਰਟ ਦੀ ਰਕਮ ਨੂੰ ਨਿਰਧਾਰਿਤ ਕਰਨ ਲਈ ਕਨੂੰਨ ਹਨ। ਮਾਪੇ ਹੋਣ ਦੇ ਨਾਤੇ, ਤੁਸੀਂ ਦੋਵੇਂ ਚਾਈਲਡ ਸਪੋਰਟ ਦੀ ਕੋਈ ਹੋਰ ਰਕਮ ਵੀ ਤੈਅ ਕਰ ਸਕਦੇ ਹੋ—ਉਸ ਤੋਂ ਵੱਧ ਜਾਂ ਘੱਟ—ਜੋ ਤੁਹਾਡੇ ਅਤੇ ਤੁਹਾਡੇ ਬੱਚਿਆਂ ਲਈ ਬੇਹਤਰ ਹੈ। ਪਰ, ਜੇ ਤੁਸੀਂ ਜੱਜ ਨੂੰ ਫੈਸਲਾ ਕਰਨ ਲਈ ਆਖਦੇ ਹੋ, ਤਾਂ ਉਹ ਚਾਈਲਡ ਸਪੋਰਟ ਦੀ ਰਕਮ ਨੂੰ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਕ ਤੈਅ ਕਰੇਗਾ, ਜਦ ਤਕ ਕੋਈ *ਵਿਸ਼ੇਸ਼ ਪ੍ਰਬੰਧ* ਨਹੀਂ ਕੀਤੇ ਗਏ ਹਨ, ਜੋ ਬੱਚੇ ਲਈ ਫਾਇਦੇਮੰਦ ਹੋਣ।

ਮਿਸਾਲ ਦੇ ਤੌਰ ਤੇ, ਜੇ ਮਾਂ ਅਤੇ ਪਿਓ ਵਿੱਚੋਂ ਕੋਈ ਇੱਕ, ਮੁਆਵਜ਼ੇ ਤੋਂ ਬਗੈਰ ਹੀ ਪਰਿਵਾਰਕ ਘਰ ਜਾਂਕਿਸੇ ਵਾਹਨ ਵਰਗੇ ਕਿਸੇ ਸੰਪਤੀਵਿੱਚ ਆਪਣੇ ਹੱਕ ਦੂਜੇ ਨੂੰ ਦੇ ਦਿੰਦਾ ਹੈ, ਤਾਂ ਇਸਦਾ ਬੱਚੇ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਲਾਭ ਹੋ ਸਕਦਾ ਹੈ। ਚਾਈਲਡ ਸਪੋਰਟ ਦੀ ਰਕਮ ਤੈਅ ਕਰਨ ਦੌਰਾਨ ਮਾਪੇ ਅਜਿਹੇ ਕੁਝ ਵਿਸ਼ੇਸ਼ ਪ੍ਰਬੰਧਾਂ ਨੂੰ ਕੀਤੇ ਜਾਣ ਤੇ ਵਿਚਾਰ ਕਰ ਸਕਦੇ ਹਨ।

**ਚਾਈਲਡ ਸਪੋਰਟ ਕਦੋਂ ਖਤਮ ਹੁੰਦੀ ਹੈ?**

ਜੇ ਤੁਹਾਡੇ ਕੋਲ ਪਹਿਲਾਂ ਹੀ ਚਾਈਲਡ ਸਪੋਰਟ ਆਦੇਸ਼ ਜਾਂ ਲਿਖਤੀ ਇਕਰਾਰਨਾਮਾ ਹੈ, ਤਾਂ ਇਸ ਵਿੱਚ ਦੱਸਿਆ ਹੋ ਸਕਦਾ ਹੈ ਕਿ ਚਾਈਲਡ ਸਪੋਰਟ ਕਦੋਂ ਖਤਮ ਹੋਣੀ ਹੈ। ਮਿਸਾਲ ਦੇ ਤੌਰ ਤੇ, ਤੁਹਾਡੇ ਸਪੋਰਟ ਆਦੇਸ਼ ਜਾਂ ਇਕਰਾਰਨਾਮੇ ਵਿੱਚ ਦੱਸਿਆ ਹੋ ਸਕਦਾ ਹੈ ਕਿ ਸਪੋਰਟ ਸਿਰਫ ਉਦੋਂ ਬੰਦ ਹੋਏਗੀ ਜਦੋਂ ਬੱਚਾ ਇੱਕ ਨਿਰਧਾਰਿਤ ਉਮਰ ਤਕ ਪਹੁੰਚ ਜਾਂਦਾ ਹੈ। ਜੇ ਤੁਹਾਡੇ ਸਪੋਰਟ ਆਦੇਸ਼ ਜਾਂ ਇਕਰਾਰਨਾਮੇ ਵਿੱਚ ਨਹੀਂ ਦੱਸਿਆ ਗਿਆ ਹੈ ਕਿ ਸਪੋਰਟ ਕਦੋਂ ਖਤਮ ਹੋਣੀ ਹੈ, ਤਾਂ ਚਾਈਲਡ ਸਪੋਰਟ ਦਾ ਭੁਗਤਾਨ ਕਰਨ ਦੀ ਲੋੜ ਉਦੋਂ ਤਕ ਜਾਰੀ ਰਹਿੰਦੀ ਹੈ ਜਦੋਂ ਤਕ ਅਦਾਲਤ ਦੁਆਰਾ ਆਦੇਸ਼ ਨੂੰ ਬਦਲਿਆ ਨਹੀਂ ਜਾਂਦਾ ਜਾਂ ਜਦੋਂ ਤਕ ਤੁਸੀਂ ਅਤੇਦੂਜਾ ਸ਼ਖ਼ਸ (ਮਾਂ/ਪਿਓ) ਆਪਣੇ ਇਕਰਾਰਨਾਮੇ ਵਿੱਚ ਬਦਲਾਵ ਨਹੀਂ ਕਰਦੇ।

**ਕੀ ਮੈਂ ਚਾਈਲਡ ਸਪੋਰਟ ਦੂਜੇ ਸ਼ਖ਼ਸ (ਮਾਂ/ਪਿਓ) ਨੂੰ ਦੇਣ ਦੀ ਬਜਾਏ ਸਿੱਧਾ ਆਪਣੇ ਬੱਚੇ ਨੂੰ ਦੇ ਸਕਦਾ/ਦੀ ਹਾਂ?**

ਚਾਈਲਡ ਸਪੋਰਟ ਆਮ ਤੌਰ ਤੇ ਮਾਂ/ਪਿਓ ਨੂੰ ਹੀ ਦਿੱਤੀ ਜਾਂਦੀ ਹੈ, ਬੱਚੇ ਨੂੰ ਨਹੀਂ। ਬਹੁਤ ਹੀ ਘੱਟ ਮਾਮਲੇ ਅਜਿਹੇ ਹੁੰਦੇ ਹਨ, ਜਦੋਂ ਜੱਜ ਆਦੇਸ਼ ਦੇ ਸਕਦੇ ਹਨ ਕਿ ਚਾਈਲਡ ਸਪੋਰਟ ਸਿੱਧਾ ਬੱਚੇ ਨੂੰ ਦਿੱਤੀ ਜਾਵੇ ਜੋ ਬਾਲਗ ਹੋਣ ਦੀ ਉਮਰ ਵਿੱਚ ਹੈ ਜਾਂ ਉਸ ਤੋਂ ਵੱਧ ਉਮਰ ਦਾ/ਦੀ ਹੈ। ਜੱਜ ਇਹ ਪਤਾ ਲਗਾਉਣ ਲਈ ਕਿ ਸਿੱਧਾ ਭੁਗਤਾਨ ਉਚਿਤ ਹੈ ਜਾਂ ਨਹੀਂ, ਪਰਿਵਾਰਕ ਸਥਿਤੀ ਉੱਤੇ ਵਿਚਾਰ ਕਰਣਗੇ।

**ਜੇ ਮੇਰੇ ਨਵੇਂ ਸਾਥੀ ਦੇ ਨਾਲ ਮੇਰੇ ਬੱਚੇ ਹਨ, ਤਾਂ ਕੀ ਉਸ ਸਥਿਤੀ ਵਿੱਚ ਵੀ ਮੈਨੂੰ ਮੇਰੇ ਪਿਛਲੇ ਸਬੰਧ ਤੋਂ ਹੋਏ ਬੱਚਿਆਂ ਲਈ ਚਾਈਲਡ ਸਪੋਰਟ ਦੇਣੀ ਹੋਏਗੀ?**

ਮਾਪਿਆਂ ਲਈ ਆਪਣੇ ਬੱਚਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨੀ ਲਾਜ਼ਮੀ ਹੈ ਭਾਵੇਂ ਉਨ੍ਹਾਂ ਉੱਤੇ ਨਵੇਂ ਪਰਿਵਾਰ ਦੀਆਂ ਜਿੰਮੇਵਾਰੀਆਂ ਵੀ ਹਨ। ਮੌਜੂਦਾ ਸਪੋਰਟ ਆਦੇਸ਼ ਉਦੋਂ ਤਕ ਪ੍ਰਭਾਵੀ ਹੀ ਰਹੇਗਾ ਜਦੋਂ ਤਕ ਆਦੇਸ਼ ਵਿੱਚ ਇਸਦੇ ਖਤਮ ਹੋਣ ਦੀ ਤਾਰੀਖ ਨਿਰਧਾਰਿਤ ਨਹੀਂ ਕੀਤੀ ਜਾਂਦੀ ਜਾਂ ਜਦੋਂ ਤਕ ਅਦਾਲਤ ਦੁਆਰਾ ਇਸਨੂੰ ਬਦਲਿਆ ਨਹੀਂ ਜਾਂਦਾ।

ਸੰਘੀ ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਅਦਾਲਤ ਚਾਈਲਡ ਸਪੋਰਟ ਦੀ ਕਿਸੇ ਵੱਖਰੀ ਰਕਮ ਦਾ ਆਦੇਸ਼ ਦੇ ਸਕਦੀ ਹੈ ਜੇ ਨਾਮੁਨਾਸਬ ਤੰਗੀ ਦਾ ਦਾਅਵਾ ਸਫਲ ਹੁੰਦਾ ਹੈ। ਸਥਿਤੀਆਂ, ਜਿਨ੍ਹਾਂ ਦੇ ਕਾਰਨ ਨਾਮੁਨਾਸਬ ਤੰਗੀ ਹੋ ਸਕਦੀ ਹੈ, ਵਿੱਚ ਨਵੇਂ ਰਿਸ਼ਤੇ ਤੋਂ ਬੱਚਿਆਂ ਦੀ ਮਦਦ ਕਰਨ ਦੀ ਜਿੰਮੇਵਾਰੀ ਸ਼ਾਮਲ ਹੈ। ਮਾਂ-ਪਿਓ ਜਾਂ ਬੱਚੇ ਨੂੰ ਕੋਈ ਨਾਮੁਨਾਸਬ ਤੰਗੀ ਹੋ ਰਹੀ ਹੈ ਜਾਂ ਨਹੀਂ, ਇਸਦਾ ਪਤਾ ਹੇਠ ਦਿੱਤੇ ਦੋ ਕਦਮਾਂ ਦੁਆਰਾ ਲਗਾਇਆ ਜਾਂਦਾ ਹੈ:

- ਤੁਹਾਡੇ ਲਈ ਸਭ ਤੋਂ ਪਹਿਲਾਂ ਇਹ ਦਿਖਾਉਣਾ ਲਾਜ਼ਮੀ ਹੈ ਕਿ ਤੁਹਾਡੇ ਹਾਲਾਤਦੇ ਮੁਤਾਬਕ ਚਾਈਲਡ ਸਪੋਰਟ ਦੀ ਲੋੜੀਂਦੀ ਰਕਮ ਦਾ ਭੁਗਤਾਨ ਕਰਨਾ ਬਹੁਤ ਮੁਸ਼ਕਲ ਹੋ ਜਾਏਗਾ;
- ਫਿਰ ਦੋਵੇਂ ਪਰਿਵਾਰਾਂ ਵਿੱਚ ਜੀਵਨ-ਪੱਧਰ ਦੀ ਤੁਲਨਾ ਇਹ ਦੇਖਣ ਲਈ ਕੀਤੀ ਜਾਏਗੀ ਕਿ ਕੀ ਚਾਈਲਡ ਸਪੋਰਟ ਨੂੰ ਬਦਲਣ ਦੀ ਮੰਗ ਕਰਨ ਵਾਲੇ ਮਾਂ/ਪਿਓ ਦੇ ਪਰਿਵਾਰ ਦਾ ਜੀਵਨ-ਪੱਧਰ ਦੂਜੇ ਮਾਂ/ਪਿਓ ਦੇ ਪਰਿਵਾਰ ਤੋਂ ਨੀਵੇਂ ਦਰਜੇ ਦਾ ਹੈ।

***ਜਸਟਿਸ ਕੈਨੇਡਾ (Justice Canada) ਵੱਲੋਂ ਉਪਲਬਧ ਤਲਾਕ ਅਤੇ ਵੱਖ ਹੋਣ ਬਾਰੇ ਮੁਫ਼ਤ ਜਾਣਕਾਰੀ ਲੈਣ ਲਈ ਇਹ ਛੋਟਾ ਵੀਡਿਓ ਦੇਖੋ, ਜਾਂ ਸਾਡੀ ਵੈਬਸਾਈਟ ਤੇ ਜਾਓ:***

## ***Canada.ca/family-law***

**ਅਸਵੀਕਰਨ:** ਇਹ ਕੋਈ ਕਨੂੰਨੀ ਲੇਖ ਨਹੀਂ ਹੈ ਅਤੇ ਕਨੂੰਨੀ ਸਲਾਹ ਪ੍ਰਦਾਨ ਨਹੀਂ ਕਰਦਾ। ਪਰਿਵਾਰਕ ਕਨੂੰਨ ਗੁੰਝਲਦਾਰ ਹੋ ਸਕਦਾ ਹੈ, ਇਸਲਈ ਕਿਸੇ ਪਰਿਵਾਰਕ ਕਨੂੰਨ ਦੇ ਵਕੀਲ ਤੋਂ ਆਪਣੀ ਸਥਿਤੀ ਬਾਰੇ ਸਲਾਹ ਲੈਣਾ ਵਿਅਕਤੀਆਂ ਲਈ ਆਮ ਤੌਰ ਤੇ ਸਭ ਤੋਂ ਵਧੀਆ ਰਹਿੰਦਾ ਹੈ। ਇਹ ਵਕੀਲ, ਅਧਿਕਾਰਾਂ ਅਤੇ ਜਿੰਮੇਵਾਰੀਆਂ ਬਾਰੇ ਕਨੂੰਨੀ ਸਲਾਹ ਦੇਣ ਵਿੱਚ ਕਾਫੀ ਮਾਹਰ ਅਤੇ ਤਜ਼ਰਬੇਕਾਰ ਹੁੰਦੇ ਹਨ। ਜ਼ਿਆਦਾਤਰ ਸੂਬਾਈ ਅਤੇ ਖੇਤਰੀ ਬਾਰ ਸੰਸਥਾਵਾਂਵਕੀਲ ਹਵਾਲਾ ਸੇਵਾਵਾਂਪ੍ਰਦਾਨ ਕਰਦੀਆਂ ਹਨ। ਕੁਝ ਵਕੀਲ ਸ਼ੁਰੂਆਤੀ ਮਸ਼ਵਰਾ ਮੁਫ਼ਤ ਜਾਂ ਘੱਟ ਕੀਮਤ ਤੇ ਦੇ ਸਕਦੇ ਹਨ, ਜਾਂ ਵਿਅਕਤੀ ਆਪਣੀ ਖਾਸ ਸਥਿਤੀ ਦੇ ਸਿਰਫ ਕੁਝ ਖਾਸ ਪਹਿਲੂਆਂ ਵਿੱਚ ਹੀ ਮਦਦ ਲੈਣ ਲਈ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਦਾ ਫੈਸਲਾ ਕਰ ਸਕਦੇਹਨ।